# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ

ਸਮਾਂ: 3 ਘੰਟੇ

ਲਿਖਤੀ ਪੇਪਰ= 80 ਅੰਕ
ਆਂਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | **ਸੁੰਦਰ ਲਿਖਾਈ** | 05 |
| 2. | **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):** ਸੂਫ਼ੀ-ਕਾਵਿ,ਗੁਰਮਤਿ-ਕਾਵਿ,ਕਿੱਸਾ-ਕਾਵਿ ਅਤੇ ਬੀਰ-ਕਾਵਿ | 31 |
| 3. | **ਆਪ-ਬੀਤੀਆਂ:** ਪੰਜਾਬੀ ਸ੍ਵੈ-ਜੀਵਨੀਆਂ ਵਿੱਚੋਂ ਲਏ ਅੰਸ਼ | 18 |
| 4. | **ਸਾਹਿਤ-ਬੋਧ (ਸਾਹਿਤ ਰੂਪ):** ਕਵਿਤਾ,ਨਿਬੰਧ,ਨਾਵਲ,ਨਿੱਕੀ ਕਹਾਣੀ,ਜੀਵਨੀ,ਸਵੈ-ਜੀਵਨੀ,ਸਫ਼ਰਨਾਮਾ,ਇਕਾਂਗੀ,ਨਾਟਕ | 11 |
| 5. | **ਸਾਹਿਤ-ਬੋਧ :ਛੰਦ,ਅਲੰਕਾਰ,ਰਸ** | 15 |
| | ਕੁੱਲ ਅੰਕ | 80 |

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ) =80

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ, ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(1) ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ।

(2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ

ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

**ਪ੍ਰਸ਼ਨ ਨੰ: 1** ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ ਸੰਖੇਪ ਉੱਤਰਾਂ ਵਾਲ਼ੇ ਦਸ ਪ੍ਰਸ਼ਨ ਪੁੱਛੇ ਜਾਣਗੇ।ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।ਇਹ ਪ੍ਰਸ਼ਨ ਗ਼ਲਤ/ਠੀਕ,ਬਹੁਚੋਣ,ਖ਼ਾਲੀ ਥਾਂਵਾਂ,ਇੱਕ-ਦੋ ਸ਼ਬਦਾਂ ਦੇ ਉੱਤਰ ਦੇਣ ਵਾਲ਼ੇ ਹੋਣਗੇ।

**ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:**

(ੳ) **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):-** 4 ਅੰਕ

ਗੁਰਮਤਿ-ਕਾਵਿ,ਕਿੱਸਾ-ਕਾਵਿ ਅਤੇ ਬੀਰ-ਕਾਵਿ ਵਿੱਚੋਂ 1-1 ਪ੍ਰਸ਼ਨ ਪੁੱਛਿਆ ਜਾਵੇਗਾ।ਇਹ ਪ੍ਰਸ਼ਨ ਰਚਨਾ ਦੇ ਕਵੀ/ਕਵੀ ਦੀ ਰਚਨਾ ਅਤੇ ਪਾਠ-ਪੁਸਤਕ ਵਿੱਚ ਦਿੱਤੀ ਪਾਠ-ਸਮੱਗਰੀ 'ਤੇ ਆਧਾਰਿਤ ਹੋਣਗੇ।

(ਅ) **ਆਪ-ਬੀਤੀਆਂ:-** 2 ਅੰਕ

ਇੱਕ ਪ੍ਰਸ਼ਨ ਸਵੈ-ਜੀਵਨੀ ਅੰਸ਼ ਦੇ ਲੇਖਕ ਸੰਬੰਧੀ/ਲੇਖਕ ਦੇ ਸਵੈ-ਜੀਵਨੀ ਅੰਸ਼ ਸੰਬੰਧੀ ਅਤੇ ਦੂਜਾ ਪ੍ਰਸ਼ਨ ਪਾਠ-ਪੁਸਤਕ ਵਿੱਚ ਨਿਰਧਾਰਿਤ ਪਾਠ-ਸਮੱਗਰੀ 'ਤੇ ਆਧਾਰਿਤ ਹੋਵੇਗਾ।

Scanned by CamScanner

(ਣ) **ਸਾਹਿਤ-ਬੋਧ:-** 4 ਅੰਕ

ਇੱਕ-ਇੱਕ ਪ੍ਰਸ਼ਨ ਕ੍ਰਮਵਾਰ ਸਾਹਿਤ-ਰੂਪ, ਅਲੰਕਾਰ , ਛੰਦ ਅਤੇ ਰਸ ਨਾਲ ਸੰਬੰਧਿਤ ਹੋਵੇਗਾ। 4+2+4= 10 ਅੰਕ

**ਪ੍ਰਸ਼ਨ ਨੰ: 2 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਵਿੱਚੋਂ ਚਾਰ ਕਾਵਿ-ਅੰਸ਼ਾਂ/ਕਾਵਿ-ਸਤਰਾਂ ਵਾਲ਼ੇ ਬੰਦ ਦੇ ਕੇ ਕਿਸੇ **ਦੋ ਦੀ ਪ੍ਰਸੰਗ ਸਹਿਤ ਵਿਆਖਿਆ** ਕਰਨ ਲਈ ਕਿਹਾ ਜਾਵੇਗਾ।ਹਰੇਕ ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3 ਅੰਕ ਹੋਣਗੇ। 5+5=10 ਅੰਕ

**ਪ੍ਰਸ਼ਨ ਨੰ:3 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਵਿੱਚੋਂ ਇੱਕ ਕਾਵਿ-ਅੰਸ਼/ਕਾਵਿ-ਸਤਰਾਂ ਵਾਲ਼ਾ ਬੰਦ ਦੇ ਕੇ ਉਸ ਨਾਲ਼ ਸੰਬੰਧਿਤ **3 ਅਤਿ-ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ** ਪੁੱਛੇ ਜਾਣਗੇ।ਇਸ ਵਿੱਚੋਂ ਇੱਕ ਪ੍ਰਸ਼ਨ ਉਸ ਕਾਵਿ-ਅੰਸ਼ ਦੇ ਕਵੀ ਦਾ ਨਾਂ ਲਿਖਣ ਅਤੇ 2 ਪ੍ਰਸ਼ਨ ਉਸ ਕਾਵਿ-ਅੰਸ਼ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੋਣਗੇ।ਹਰੇਕ ਪ੍ਰਸ਼ਨ ਦਾ ਉੱਤਰ 2 ਅੰਕਾਂ ਦਾ ਹੋਵੇਗਾ। 2+2+2=6 ਅੰਕ

**ਪ੍ਰਸ਼ਨ ਨੰ:4 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਵਿੱਚੋਂ ਕੋਈ ਤਿੰਨ ਰਚਨਾਵਾਂ ਦੇ ਨਾਂ ਦੇ ਕੇ ਕਿਸੇ **ਇੱਕ ਦਾ ਕੇਂਦਰੀ ਭਾਵ** ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:5 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ,ਗੁਰਮਤਿ-ਕਾਵਿ,ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਨਾਲ਼ ਸੰਬੰਧਿਤ ਪਾਠਾਂ ਅਤੇ ਪਾਠ-ਅਭਿਆਸ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ **ਇੱਕ ਪ੍ਰਸ਼ਨ** ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 7 ਅੰਕ

**ਪ੍ਰਸ਼ਨ ਨੰ:6 ਆਪ-ਬੀਤੀਆਂ** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਉੱਤੇ ਆਧਾਰਿਤ ਛੋਟੇ ਉੱਤਰਾਂ ਵਾਲ਼ੇ ਅੱਠ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕੋਈ **ਚਾਰ ਪ੍ਰਸ਼ਨਾਂ** ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 4*4=16 ਅੰਕ

**ਪ੍ਰਸ਼ਨ ਨੰ:7 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ **ਸਾਹਿਤ-ਰੂਪਾਂ** ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ 2 ਅੰਕ ਸੰਬੰਧਿਤ ਸਾਹਿਤ ਰੂਪ ਦੀ ਅਤਿ-ਸੰਖੇਪ ਢੰਗ ਨਾਲ **ਮੌਲਿਕ ਪਰਿਭਾਸ਼ਾ** (ਜੋ ਸੰਬੰਧਿਤ ਸਾਹਿਤ ਰੂਪ ਦੀ ਮੁੱਢਲੀ ਜਾਣਕਾਰੀ/ਜਾਣ-ਪਛਾਣ ਦੇਣ ਨਾਲ ਸੰਬੰਧਿਤ ਹੋਵੇਗੀ।) ਦੇਣ,6 ਅੰਕ ਉਸ ਦੇ **ਲੱਛਣ/ਵਿਸ਼ੇਸ਼ਤਾਈਆਂ/ਤੱਤਾਂ ਦੀ ਜਾਣਕਾਰੀ** ਦੇਣ ਅਤੇ 2 ਅੰਕ ਸੰਬੰਧਿਤ ਸਾਹਿਤ ਰੂਪ ਦੇ ਕੋਈ ਅਹਿਮ **2-2 ਪੰਜਾਬੀ ਲੇਖਕਾਂ/ਰਚਨਾਵਾਂ ਦੇ ਨਾਂ** ਲਿਖਣ ਦੇ ਹੋਣਗੇ। 2+6+2=10 ਅੰਕ

**ਪ੍ਰਸ਼ਨ ਨੰ:8 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਦੋ **ਛੰਦਾਂ** ਬਾਰੇ ਪੁੱਛ ਕੇ ਕਿਸੇ **ਇੱਕ ਛੰਦ** ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:9 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਦੋ **ਅਲੰਕਾਰਾਂ** ਬਾਰੇ ਪੁੱਛ ਕੇ ਕਿਸੇ **ਇੱਕ ਅਲੰਕਾਰ** ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:10 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਦੋ **ਰਸਾਂ** ਬਾਰੇ ਪੁੱਛ ਕੇ ਕਿਸੇ **ਇੱਕ ਰਸ** ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

# ਅੰਤਰਿਕ ਮੁਲਾਂਕਣ: 20 ਅੰਕ

**ਅੰਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਅੰਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:**<br>**ਆਪ-ਬੀਤੀਆਂ** ਪੁਸਤਕ ਵਿੱਚੋਂ ਵੱਖ-ਵੱਖ ਸ੍ਵੈ-ਜੀਵਨੀ ਅੰਸ਼ਾਂ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **10 ਅੰਕ(2+4+4)**<br>2 ਅੰਕ<br>4 ਅੰਕ<br>4 ਅੰਕ |
| 2. | **ਭਾਸ਼ਾਈ ਸਮਰਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ | 02 |

Scanned by CamScanner

| | | |
|---|---|---|
| | ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 |
| 5. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | | |
| | ਕੁੱਲ ਅੰਕ | 20 |

**ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਪਾਠ-ਪੁਸਤਕਾਂ:**

1. **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)**
2. **ਆਪ-ਬੀਤੀਆਂ**
3. **ਸਾਹਿਤ-ਬੋਧ**

Scanned by CamScanner